

### ਬ੍ਰਿਟਿਸ਼ ਕੋਲੰਬੀਆ ਵਿਚ ਮੇਰਾ ਬੱਚਾ ਕਿੰਡਰਗਾਰਟਨ ਲਈ ਕਦੋਂ ਹੱਕਦਾਰ ਹੈ?

ਤੁਸੀਂ ਆਪਣੇ ਬੱਚੇ ਨੂੰ ਉਸ ਸਾਲ ਵਿਚ ਕਿੰਡਰਗਾਰਟਨ ਲਈ ਰਜਿਸਟਰ ਕਰਵਾ ਸਕਦੇ ਹੋ ਜਿਸ ਸਾਲ ਵਿਚ ਉਸ ਨੇ 5 ਸਾਲ ਦਾ ਹੋਣਾ ਹੈ।

### ਕੀ ਮੇਰਾ ਬੱਚਾ ਪੂਰੇ ਦਿਨ ਦੀ ਕਿੰਡਰਗਾਰਟਨ ਲਈ ਤਿਆਰ ਹੈ?

ਹਰ ਬੱਚਾ ਆਪਣੀ ਪੱਧਰ ਅਤੇ ਰਫਤਾਰ ’ਤੇ ਵਿਕਾਸ ਕਰਦਾ ਹੈ। ਇਸ ਚੀਜ਼ ਬਾਰੇ ਆਪਣੇ ਸਕੂਲ ਦੇ ਪ੍ਰਿੰਸੀਪਲ ਜਾਂ ਕਿੰਡਰਗਾਰਟਨ ਦੇ ਟੀਚਰ ਨਾਲ ਗੱਲ ਕਰੋ ਕਿ ਆਪਣੇ ਬੱਚੇ ਦੀ ਕਿੰਡਰਗਾਰਟਨ ਵੱਲ ਤਬਦੀਲੀ ਨੂੰ ਸੌਖਾ ਕਿਵੇਂ ਬਣਾਉਣਾ ਹੈ ਅਤੇ ਆਪਣੇ ਮਨ ਵਿਚਲੇ ਤੌਖਲੇ ਕਿਵੇਂ ਦੂਰ ਕਰਨੇ ਹਨ।



### ਪੂਰੇ ਦਿਨ ਦੀ ਕਿੰਡਰਗਾਰਟਨ ਬਾਰੇ ਜਾਣਕਾਰੀ ਲਈ

ਆਪਣੇ ਸਥਾਨਕ ਸਕੂਲ ਡਿਸਟਰਿਕਟ ਨਾਲ ਅੱਗੇ ਲਿਖੇ ਵੈੱਬਸਾਈਟ ’ਤੇ ਸੰਪਰਕ ਕਰੋ
*http://www.bced.gov.bc.ca/schools/bcmap.htm*

ਜਾਂ ਇੰਡੀਪੈਂਡਿਟ ਸਕੂਲ ਅਥਾਰਟੀ ਨਾਲ ਅੱਗੇ ਲਿਖੇ ਵੈੱਬਸਾਈਟ ’ਤੇ ਸੰਪਰਕ ਕਰੋ
*http://www.bced.gov.bc.ca/apps/imcl/imclWeb/IndSchoolAuthority.do*

ਸਕੂਲ ਤੋਂ ਬਾਹਰ ਦੀ ਸੰਭਾਲ ਬਾਰੇ ਜਾਣਕਾਰੀ ਲੱਭਣ ਲਈ ਇਸ ਵੈੱਬਸਾਈਟ ’ਤੇ ਜਾਉ
*http://childcareinfo.gov.bc.ca/childcaresearch/search.aspx*

ਅਗੇਤੀ ਸਿਖਿਆ ਬਾਰੇ ਜਾਣਕਾਰੀ ਲੈਣ ਲਈ
*http://www.bced.gov.bc.ca/early_learning/full_day_kindergarten.htm*



***ਪੂਰੇ ਦਿਨ ਦੀ ਕਿੰਡਰਗਾਰਟਨ, ਜ਼ਿੰਦਗੀ ਭਰ ਸਿੱਖਣ ਲਈ ਮਜ਼ਬੂਤ ਨੀਂਹ ਤਿਆਰ ਕਰਨ ਦਾ ਇਕ ਬਹੁਤ ਹੀ ਵਧੀਆ ਮੌਕਾ ਹੈ।***


BRITISH COLUMBIA
The Best Place on Earth

Full Day Kindergarten [Punjabi]




# ਪੂਰੇ ਦਿਨ ਦੀ ਕਿੰਡਰਗਾਰਟਨ



ਕਿੰਡਰਗਾਰਟਨ ਸ਼ੁਰੂ ਕਰਨਾ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਇਕ ਚਾਅ ਵਾਲਾ ਸਮਾਂ ਹੈ।


BRITISH COLUMBIA
The Best Place on Earth




## ਪੂਰੇ ਦਿਨ ਦੀ ਕਿੰਡਰਗਾਰਟਨ

- ਬ੍ਰਿਟਿਸ਼ ਕੋਲੰਬੀਆ ਵਿਚ ਪੂਰੇ ਦਿਨ ਦੀ ਕਿੰਡਰਗਾਰਟਨ ਸਾਲ 2010 ਦੀ ਪੱਤਝੜ ਰੁੱਤ ਵਿਚ ਹੱਕਦਾਰ ਬੱਚਿਆਂ ਵਿੱਚੋਂ 50 ਫੀ ਸਦੀ ਤੱਕ ਨੂੰ ਪੇਸ਼ ਕੀਤੀ ਜਾ ਰਹੀ ਹੈ ਅਤੇ ਸਤੰਬਰ 2011 ਵਿਚ ਕਿੰਡਰਗਾਰਟਨ ਜਾਣ ਦੀ ਉਮਰ ਦੇ ਸਾਰੇ ਬੱਚਿਆਂ ਲਈ ਪੇਸ਼ ਕੀਤੀ ਜਾਵੇਗੀ।
- ਪੂਰੇ ਦਿਨ ਦੀ ਸਿਖਿਆ, ਵਧੀਆ ਪੜ੍ਹਨ ਅਤੇ ਵਧੀਆ ਹਿਸਾਬ, ਗਰੇਡ 1 ਵੱਲ ਨੂੰ ਆਸਾਨ ਤਬਦੀਲੀ, ਅਤੇ ਪੋਸਟ-ਸੈਕੰਡਰੀ ਗਰੈਜੂਏਸ਼ਨ ਦੇ ਜ਼ਿਆਦਾ ਰੇਟਾਂ ਨਾਲ ਜੁੜੀ ਹੋਈ ਹੈ।
- ਪੂਰੇ ਦਿਨ ਦੀ ਕਿੰਡਰਗਾਰਟਨ, ਟੀਚਰਾਂ ਨੂੰ ਆਪਣੇ ਵਿਦਿਆਰਥੀਆਂ ਵੱਲ ਜ਼ਿਆਦਾ ਨਿੱਜੀ ਧਿਆਨ ਦੇਣ ਦੇ ਯੋਗ ਬਣਾਉਂਦੀ ਹੈ।

***ਬੱਚੇ ਕੁਦਰਤੀ ਤੌਰ 'ਤੇ ਸਿੱਖਣ ਵਾਲੇ ਹਨ, ਆਪਣੀ ਦੁਨੀਆਂ ਬਾਰੇ ਹੈਰਾਨੀ ਅਤੇ ਜਗਿਆਸਾ ਨਾਲ ਭਰਪੂਰ।***





## ਪੂਰੇ ਦਿਨ ਦੀ ਕਿੰਡਰਗਾਰਟਨ ਦੇ ਫਾਇਦੇ

### ਤੁਹਾਡੇ ਬੱਚੇ ਲਈ

- ਖੇਡਣ ਰਾਹੀਂ ਸਿੱਖਣ ਦੇ ਜ਼ਿਆਦਾ ਮੌਕੇ।
- ਮਜ਼ਬੂਤ ਸਮਾਜਿਕ-ਜਜ਼ਬਾਤੀ ਹੁਨਰ ਅਤੇ ਹਾਂ ਪੱਖੀ ਸਵੈ-ਮਾਣ ਵਿਕਸਿਤ ਕਰਨ ਵਿਚ ਮਦਦ ਕਰਨ ਲਈ ਹੋਰਨਾਂ ਬੱਚਿਆਂ ਨਾਲ ਜ਼ਿਆਦਾ ਸਮਾਂ ਆਪਸੀ ਸੰਪਰਕ।
- ਪੜ੍ਹਾਈ ਦੇ ਮਜ਼ਬੂਤ ਹੁਨਰ ਵਿਕਸਿਤ ਕਰਨ ਵਿਚ ਮਦਦ ਕਰਨ ਲਈ ਪੜ੍ਹਾਈ ਦੀ ਸਾਮੱਗਰੀ ਤੱਕ ਜ਼ਿਆਦਾ ਪਹੁੰਚ।
- ਬੱਚਿਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਟੀਚਰਾਂ ਕੋਲ ਜ਼ਿਆਦਾ ਸਮਾਂ।
- ਦਿਨ ਵਿਚ ਘੱਟ ਤਬਦੀਲੀਆਂ।
- ਨਿੱਜੀ ਅਤੇ ਛੋਟੇ ਗਰੁੱਪਾਂ ਵਿਚ ਜ਼ਿਆਦਾ ਸਰਗਰਮੀਆਂ।

### ਮਾਪਿਆਂ ਲਈ

- ਆਪਣੇ ਬੱਚੇ ਦੇ ਸਕੂਲ ਨਾਲ ਮਜ਼ਬੂਤ ਸਬੰਧ।
- ਆਪਣੇ ਬੱਚੇ ਦੀ ਪੜ੍ਹਾਈ ਦੇ ਪ੍ਰੋਗਰਾਮ ਵਿਚ ਭਰੋਸਾ।
- ਆਪਣੇ ਬੱਚੇ ਦੀ ਰਸਮੀ ਪੜ੍ਹਾਈ ਵਿਚ ਜ਼ਿਆਦਾ ਸਰਗਰਮ ਰੋਲ ਨਿਭਾਉਣ ਦਾ ਮੌਕਾ।
- ਜੇ ਬੱਚਿਆਂ ਦੀ ਸੰਭਾਲ (ਚਾਇਲਡ ਕੇਅਰ) ਦੇ ਤੁਹਾਡੇ ਖਰਚੇ ਘਟਦੇ ਹਨ ਤਾਂ ਆਰਥਿਕ ਫਾਇਦੇ।
- ਕੰਮ/ਜ਼ਿੰਦਗੀ ਦਾ ਜ਼ਿਆਦਾ ਸੰਤੁਲਨ, ਜਿਸ ਨਾਲ ਮਾਪਿਆਂ ਨੂੰ ਕੰਮ ਜਾਂ ਪੜ੍ਹਾਈ ਕਰਨ ਲਈ ਜ਼ਿਆਦਾ ਸਮਾਂ ਮਿਲਦਾ ਹੈ।

***ਖੇਡਣ ਰਾਹੀਂ ਬੱਚੇ ਆਪਣੀ ਦੁਨੀਆਂ ਦੀ ਸੂਝ ਗ੍ਰਹਿਣ ਕਰਦੇ ਹਨ।***

## ਜ਼ਿੰਦਗੀ ਲਈ ਉਸਾਰੀ ਦੇ ਮੁੱਢ

- ਖੋਜ ਇਹ ਦਿਖਾਉਂਦੀ ਹੈ ਕਿ ਖੇਡਾਂ 'ਤੇ ਆਧਾਰਿਤ ਕਿੰਡਰਗਾਰਟਨ ਪ੍ਰੋਗਰਾਮ, ਸਕੂਲ ਅਤੇ ਜ਼ਿੰਦਗੀ ਵਿਚ ਕਾਮਯਾਬ ਹੋਣ ਵਿਚ ਬੱਚਿਆਂ ਦੀ ਮਦਦ ਕਰਦਾ ਹੈ।
- ਬਚਪਨ ਵਿਚ ਅਗੇਤੇ ਅਨੁਭਵ ਭਵਿੱਖ ਵਿਚ ਸਿੱਖਣ ਦੀਆਂ ਆਦਤਾਂ ਨੂੰ ਘੜਦੇ ਹਨ।

***ਖੇਡਾਂ, ਸਿਹਤਮੰਦ ਸਰੀਰਕ, ਸਮਾਜਿਕ, ਜਜ਼ਬਾਤੀ, ਬੋਲੀ ਦੇ ਅਤੇ ਬੁੱਧੀ ਦੇ ਵਿਕਾਸ ਨੂੰ ਉਤਸ਼ਾਹ ਦਿੰਦੀਆਂ ਹਨ।***

